# ਬੱਚਿਆਂ ਲਈ ਬਾਈਬਲ

ਉੱਪਸਥਿਤ

# ਯੂਨਾਹ ਅਤੇ ਵੱਡੀ ਮੱਛੀ



ਦੁਆਰਾ ਲਿਖਿਆ ਗਿਆ : Edward Hughes
ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Jonathan Hay
ਦੁਆਰਾ ਬਦਲਿਆ ਗਿਆ : Mary-Anne S.
ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque
ਦੁਆਰਾ ਬਣਾਇਆ ਗਿਆ : Bible for Children
www.M1914.org

BFC
PO Box 3
Winnipeg, MB R3C 2G1
Canada

©2015 Bible for Children, Inc.
ਆਗਿਆ ਦੇਣੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।

ਬਹੁਤ ਸਾਲ ਪਹਿਲਾਂ, ਇੱਕ ਯੂਨਾਹਾਂ ਦਾ ਮਨੁੱਖ ਇਸਰਾਏਲ ਦੇਸ਼ ਵਿੱਚ ਰਹਿੰਦਾ ਸੀ। ਇੱਕ ਦਿਨ, ਪਰਮੇਸ਼ਵਰ ਨੇ ਉਸ ਨੂੰ ਨੀਨਵਾਹ ਨੂੰ ਜਾਣ ਲਈ ਆਖਿਆ, ਉਹ ਸੰਸਾਰ ਦਾ ਸਭ ਤੋਂ ਤਾਕਤਵਰ ਅਤੇ ਵੱਡਾ ਸ਼ਹਿਰ ਸੀ।



ਯੂਨਾਹ ਉੱਥੇ ਸਾਰੇ ਲੋਕਾਂ ਨੂੰ ਚੇਤਾਵਨੀ ਦੇਣ ਲਈ ਸੀ ਕੀ ਪਰਮੇਸ਼ਵਰ ਜਾਣ ਗਿਆ ਹੈ ਕੇ ਤੁਸੀ ਕਿੰਨੇ ਦੁਸ਼ਟ ਹੋ।



ਯੂਨਾਹ ਨੇ ਪਰਮੇਸ਼ਵਰ ਦੇ ਹੁਕਮ ਨੂੰ ਨਾ ਮੰਨਿਆ! ਨੀਨਵਹੇ ਨੂੰ ਜਾਣ ਦੀ ਜੁਗਾ, ਯੂਨਾਹ ਜਹਾਜ ਤੇ ਚੜ ਗਿਆ ਅਤੇ ਉਸਦੇ ਉਲਟੇ ਰਸਤੇ ਤਰਸ਼ੀਸ਼ ਨਾ ਦੀ ਜੁਗਾ ਨੂੰ ਰਵਾਨਾ ਹੋ ਗਿਆ।



ਯਹੋਵਾ ਪਰਮੇਸ਼ਵਰ ਨੇ ਇੱਕ ਵੱਡੀ ਹਨੇਰੀ ਸਮੁੰਦਰ ਵਿੱਚ ਭੇਜੀ। ਉੱਥੇ ਇੱਕ ਵੱਡਾ ਤੂਫ਼ਾਨ ਸੀ! ਸੋਦਾਗਰ ਡਰ ਗਏ ਕੀ ਸ਼ਾਇਦ ਜਹਾਜ ਟੁੱਟ ਕੇ ਡੁੱਬ ਜਾਵੇਗਾ।



ਤੂਫ਼ਾਨ ਵਧਦਾ ਅਤੇ ਵਧਦਾ ਗਿਆ। ਭਿਆਨਕ, ਸੌਦਾਗਰਾਂ ਨੇ ਆਪਣੇ ਦੇਵਤਿਆਂ ਦੇ ਅੱਗੇ ਪ੍ਰਾਥਨਾਂ ਕੀਤੀ ਅਤੇ ਜਹਾਜ ਨੂੰ ਹਲਕਾ ਕਰਨ ਲਈ ਉਸਦਾ ਸਮਾਨ ਸੁੱਟ ਦਿੱਤਾ। ਪਰ ਉਹ ਮਦਦਗਾਰ ਨਾ ਹੋਇਆ।



ਉਸ ਬੋਰਡ ਵਿੱਚ ਯੂਨਾਹ ਇਕੱਲਾ ਹੀ ਸੀ ਜਿਹੜਾ ਪ੍ਰਾਥਨਾਂ ਨਹੀ ਕਰ ਰਿਹਾ ਸੀ। ਬਲਕਿ ਉਹ ਜਹਾਜ ਦੇ ਅੰਦਰ ਗੂੜ੍ਹੀ ਨੀਂਦ ਵਿੱਚ ਸੁੱਤਾ ਸੀ। ਜਹਾਜ ਦੇ ਕਪਤਾਨ ਨੇ ਉਸ ਨੂੰ ਲੱਭ ਲਿਆ। “ਤੂੰ ਸੌਂ ਕੇ ਕੀ ਕਰ ਰਿਹਾ ਹੈਂ? ਉੱਠ! ਆਪਣੇ ਪਰਮੇਸ਼ਵਰ ਦੇ ਅੱਗੇ ਪ੍ਰਾਥਨਾਂ ਕਰ! ਸ਼ਾਇਦ ਪਰਮੇਸ਼ਵਰ ਸਾਡੇ ਬਾਰੇ ਸੋਚੇਗਾ, ਤਾਂ ਜੋ ਅਸੀ ਨਾਸ਼ ਨਾ ਹੋਈਏ।”



ਸੌਦਾਗਰ ਛੇਤੀ ਹੀ ਸਮਝ ਗਏ ਕੀ ਉਹਨਾਂ ਦੀ ਮੁਸੀਬਤ ਦੀ ਵਜਹ ਯੂਨਾਹ ਦੇ ਕਾਰਨ ਹੈ। ਉਸਨੇ ਉਹਨਾਂ ਨੂੰ ਦੱਸਿਆ ਕੀ ਉਹ ਪਰਮੇਸ਼ਵਰ ਤੋਂ ਭੱਜ ਰਿਹਾ ਸੀ। ਉਹਨਾਂ ਨੇ ਪੁੱਛਿਆ, "ਸਾਨੂੰ ਤੇਰੇ ਨਾਲ ਕੀ ਕਰਨਾ ਹੋਵੇਗਾ, ਤਾਂ ਜੋ ਸਮੁੰਦਰ ਸਾਡੇ ਲਈ ਸ਼ਾਂਤ ਹੋ ਜਾਵੇ?" "ਮੈਨੂੰ ਉਠਾ ਕੇ ਸਮੁੰਦਰ ਵਿੱਚ ਸੁੱਟ ਦਿਉ," ਯੂਨਾਹ ਨੇ ਜਵਾਬ ਦਿੱਤਾ।

"ਮੈਨੂੰ ਯਕੀਨ ਹੈ ਕੀ ਮੇਰੇ ਕਾਰਨ ਇਹ ਵੱਡਾ ਤੂਫ਼ਾਨ ਤੁਹਾਡੇ ਉੱਤੇ ਆਇਆ ਹੈ।"



ਸੌਦਾਗਰ ਯੂਨਾਹ ਨੂੰ ਬੋਰਡ ਦੇ
ਵਿੱਚੋਂ ਸੁੱਟਣਾ ਨਹੀ ਚਾਹੁੰਦੇ
ਸਨ। ਤਾਂ ਉਹਨਾਂ ਨੇ ਸਖ਼ਤ
ਮਿਹਨਤ ਕੀਤੀ ਜਹਾਜ ਨੂੰ
ਜਮੀਨ ਤੱਕ ਪਹੁੰਚਾਉਣ।
ਪਰ ਨਾ ਕਰ ਸਕੇ। ਉੱਥੇ
ਕਰਨ ਲਈ ਸਿਰਫ਼
ਇੱਕ ਹੀ ਕੰਮ ਰਹਿ
ਗਿਆ ਸੀ!



ਪਛਚਾਤਾਪ ਲਈ ਪ੍ਰਾਥਨਾਂ ਕਰਨ ਤੋਂ ਬਾਅਦ, ਸੋਦਾਗਰਾਂ ਨੇ ਯੂਨਾਹ ਨੂੰ ਉੱਪਰ ਉਠਾਇਆ ਅਤੇ ਉਸਦੇ ਦੂਸਰੇ ਪਾਸੇ ਬੁੜ੍ਹਕਾ ਦਿੱਤਾ। ਜਿਵੇਂ ਹੀ ਯੂਨਾਹ ਪਾਣੀ ਦੀਆਂ ਲਹਿਰਾਂ ਵਿੱਚ ਗਾਇਬ ਹੋਇਆ, ਸਮੁੰਦਰ ਰੁਕ ਗਿਆ ਅਤੇ ਹਵਾ ਖਤਮ ਹੋ ਗਈ। ਸੌਦਾਗਰ ਤੂਫ਼ਾਨ ਨਾਲੋ ਜਿਆਦਾ ਅਚਾਨਕ ਮੌਸਮ ਵਿੱਚ ਬਦਲਾਵ ਦੇਖ ਕੇ ਡਰ ਗਏ।ਉਹ ਨੇ ਜਰੂਰ ਜਾਣ ਲਿਆ ਹੋਣਾ ਕੀ ਇਹ ਸਿਰਫ਼ ਪਰਮੇਸ਼ਵਰ ਹੀ ਕਰ ਸਕਦਾ ਹੈ। ਉਹਨਾਂ ਨੇ ਡਰ ਅਤੇ ਅਚੰਭੇ ਨਾਲ ਪਰਮੇਸ਼ਵਰ ਦੀ ਉਪਾਸਨਾ ਕੀਤੀ।



ਇਸ ਦੌਰਾਨ, ਆਗਿਆ
ਨਾ ਮੰਨਣ ਵਾਲੇ
ਸੰਦੇਸ਼ਵਾਹਕ ਨੂੰ ਇੱਕ
ਹੈਰਤ ਹੋਈ। ਬਿਨ੍ਹਾ
ਮਦਦ ਦੇ ਸਮੁੰਦਰ ਦੀ
ਗਹਿਰਾਈਆਂ ਵਿੱਚ
ਡੁੱਬਦਿਆਂ, ਯੂਨਾਹ ਜਾਣ
ਗਿਆ ਕੀ ਉਸਨੂੰ ਡੁੱਬਣ
ਤੋਂ ਕੋਈ ਨਹੀ ਬਚਾ
ਸਕਦਾ। ਭਈ ਉਹ ਡੁੱਬ
ਜਾਵੇਗਾ, ਪਰ ਪਰਮੇਸ਼ਵਰ
ਦੀ ਯੋਜਨਾ ਹੋਰ ਸੀ।



ਪਰਮੇਸ਼ਵਰ ਨੇ ਯੂਨਾਹ ਨੂੰ ਹੜੱਪਣ ਨੂੰ ਲਈ ਇੱਕ
ਵੱਡੀ ਮੱਛੀ ਨੂੰ ਤੈਆਰ ਕੀਤਾ ਸੀ। ਮੱਛੀ ਸਮੇ ਤੇ
ਆ ਗਈ! ਇੱਕ ਹੀ ਹੜੱਪੇ ਨਾਲ ਯੂਨਾਹ ਸਮੁੰਦਰ
ਤੋਂ ਬਾਹਰ ਅਤੇ ਮੱਛੀ ਦੇ ਪੇਟ ਵਿੱਚ ਸੀ। ਯੂਨਾਹ
ਮੱਛੀ ਦੇ ਪੇਟ ਵਿੱਚ ਤਿੰਨ ਦਿਨ ਰਿਹਾ। ਉਸ ਕੋਲ
ਬਹੁਤ ਸਾਰਾ ਸਮਾਂ ਸੋਚਣ ਲਈ
ਅਤੇ ਪ੍ਰਾਥਨਾਂ ਕਰਨ
ਲਈ ਸੀ।



ਤਿੰਨ ਦਿਨ ਬਾਅਦ, ਯੂਨਾਹ ਨੇ ਪਰਮੇਸ਼ਵਰ ਦੀ ਆਗਿਆ ਨੂੰ ਮੰਨਣ ਦਾ ਵਾਇਦਾ ਕੀਤਾ। ਉਸੇ ਸਮੇ, ਪਰਮੇਸ਼ਵਰ ਨੇ ਮੱਛੀ ਨੂੰ ਬੋਲਿਆ, ਅਤੇ ਉਸਨੇ ਯੂਨਾਹ ਨੂੰ ਤੱਟ ਤੇ ਉਲਟੀ ਕਰ ਦਿੱਤਾ।



ਇੱਕ ਵਾਰ ਫਿਰ, ਪਰਮੇਸ਼ਵਰ ਨੇ ਯੂਨਾਹ ਨੂੰ ਨੀਨਵੇਹ ਨੂੰ ਜਾ ਕੇ ਪਰਮੇਸ਼ਵਰ ਦਾ ਵਚਨ ਪ੍ਰਚਾਰ ਕਰਨ ਲਈ ਆਖਿਆ। ਇਸ ਸਮੇ, ਯੂਨਾਹ ਚਲਾ ਗਿਆ! ਯੂਨਾਹ ਚੀਕਦਾ ਹੋਇਆ ਸ਼ਹਿਰ ਵਿੱਚ ਵੜ ਗਿਆ, “ਚਾਲੀ ਦਿਨਾਂ ਦੇ ਵਿੱਚ, ਨੀਨਵੇਹ ਢਾਹ ਦਿੱਤਾ ਜਾਵੇਗਾ।”



ਨੀਨਵੇਹ ਦੇ ਲੋਕਾਂ ਨੇ ਪਰਮੇਸ਼ਵਰ ਦੇ ਵਚਨ ਤੇ ਵਿਸ਼ਵਾਸ਼ ਕੀਤਾ। ਉਹ ਪਰਮੇਸ਼ਵਰ ਨੂੰ ਵਿਖਾਉਣ ਲਈ ਕੀ ਉਹ ਆਪਣੇ ਪਾਪਾਂ ਤੋਂ ਸ਼ਰਮਿੰਦੇ ਹਨ, ਬਿਨਾਂ ਭੋਜਨ ਦੇ ਅਤੇ ਟਾਟ ਪਾ ਕੇ ਗਏ। ਇੱਥੋਂ ਤੱਕ ਬਾਦਸ਼ਾਹ ਨੇ ਵੀ ਆਪਣੇ ਆਪ ਨੂੰ ਪਰਮੇਸ਼ਵਰ ਦੇ ਸਾਹਮਣੇ ਦੀਨ ਕੀਤਾ। ਉਹ ਆਪਣੀ ਰਾਜ-ਗੱਦੀ ਤੋਂ ਉਠਿਆ, ਤੱਪੜ੍ਹ ਪਹਿਨਿਆ, ਅਤੇ ਸਵਾਹ ਦੇ ਵਿੱਚ ਬੈਠ ਗਿਆ।

ਉਸਨੇ ਸਾਰਿਆਂ ਨੂੰ ਆਪਣੀ ਹਿੰਸਾ ਤੋਂ ਅਤੇ ਦੁਸ਼ਟਤਾ ਪੂਰਣ ਰਾਸਤਿਆ ਤੋਂ ਮੁੜਣ ਲਈ ਆਖਿਆ,



ਅਤੇ ਪ੍ਰਾਥਨਾਂ ਲਈ ਤਾਂ ਪਰਮੇਸ਼ਵਰ ਉਹਨਾਂ ਨੂੰ ਮਾਫ ਕਰ ਦੇਵੇਗਾ।

ਕੀ ਪਰਮੇਸ਼ਵਰ ਉਹਨਾਂ ਨੂੰ ਮਾਫ ਕਰ ਦੇਵੇਗਾ! ਇਹ ਨੀਨਵੇਹ ਵਿੱਚ ਜਰੂਰ
ਇੱਕ ਖੁਸ਼ੀ ਵਾਲਾ ਅਦਭੁਤ ਦਿਨ ਹੋਵੇਗਾ ਜਦ ਲੋਕਾਂ ਨੇ
ਮਹਿਸੂਸ ਕੀਤਾ ਕੀ ਪਰਮੇਸ਼ਵਰ ਨੇ
ਉਹਨਾਂ ਨੂੰ ਮਾਫ਼
ਕਰ ਦਿੱਤਾ ਹੈ।
... ਪਰ ਇੱਕ
ਮਨੁੱਖ ਬਹੁਤ
ਗੁੱਸੇ ਵਿੱਚ
ਸੀ।
ਯੂਨਾਹ!





ਯੂਨਾਹ ਗੁੱਸੇ ਵਿੱਚ ਕਿਉਂ ਸੀ? ਉਸਨੇ ਪਰਮੇਸ਼ਵਰ ਨੂੰ ਆਖਿਆ, "ਮੈਂ ਜਾਣਦਾ ਸਾਂ ਕੀ ਤੈਂ ਕਿਰਪਾਲੂ ਪਰਮੇਸ਼ਵਰ ਹੈ, ਅਤੇ ਦਿਆਲੂ, ਗੁੱਸਾ ਵਿੱਚ ਧੀਮਾ, ਅਤੇ ਦਿਆਲਤਾ ਵਿੱਚ ਮਹਾਨ ਹੈ।" ਦੂਜੇ ਸ਼ਬਦਾਂ ਵਿੱਚ, ਯੂਨਾਹ ਜਾਣਦਾ ਸੀ ਕੀ ਪਰਮੇਸ਼ਵਰ ਹਮੇਸ਼ਾਂ ਉਹਨਾਂ ਨੂੰ ਮਾਫ਼ ਕਰਦਾ ਹੈ ਜੋ ਆਪਣੇ ਪਾਪਾਂ ਲਈ ਸ਼ਰਮਿੰਦੇ ਹੋਣ ਅਤੇ ਪਰਮੇਸ਼ਵਰ ਦੇ ਵਚਨ ਦੀ ਪਾਲਣਾ ਕਰਨ। ਇਸਦਾ ਅਰਥ ਇਹ ਹੈ ਕੀ ਯੂਨਾਹ ਨੀਨਵੇਹ ਦੇ ਲੋਕਾਂ ਨੂੰ ਪਸੰਦ ਨਹੀ ਕਰਦਾ ਸੀ। ਉਹ ਨਹੀ ਚਾਹੁੰਦਾ ਸੀ ਕੇ ਉਹਨਾਂ ਨੂੰ ਮਾਫ਼ੀ ਮਿਲੇ।

ਯੂਨਾਹ ਪਰਮੇਸ਼ਵਰ ਨਾਲ ਬਹੁਤ ਗੁੱਸੇ ਵਿੱਚ ਸੀ ਜੋ ਉਸ ਨੇ ਆਖਿਆ, “ਮੇਰੀ ਜ਼ਿੰਦਗੀ ਮੇਰੇ ਤੋਂ ਲੈ ਲੇ; ਮੇਰੇ ਲਈ ਮੌਤ ਜ਼ਿੰਦਗੀ ਨਾਲੋਂ ਜਿਆਦਾ ਚੰਗੀ ਹੈ।”



ਯੂਨਾਹ ਸ਼ਹਿਰ ਦੇ ਬਾਹਰ ਬੈਠ ਕੇ, ਵੇਖਣ ਲਈ ਇੰਤਜ਼ਾਰ ਕਰ ਰਿਹਾ ਸੀ ਕੀ ਪਰਮੇਸ਼ਵਰ ਅੱਗੇ ਕੀ ਕਰੇਗਾ। ਯਹੋਵਾ ਪਰਮੇਸ਼ਵਰ ਨੇ ਇੱਕ ਪੌਦਾ ਵੱਡੇ ਪੱਤਿਆਂ ਦੇ ਨਾਲ ਉਗਾਇਆ। ਉਹ ਜਲਦੀ ਨਾਲ ਵਧ ਗਿਆ, ਅਤੇ ਯੂਨਾਹ ਨੂੰ ਸਾਰਾ ਦਿਨ ਧੁੱਪ ਤੋਂ ਛਾਂ ਦਿੱਤੀ।



ਅਗਲੀ ਸਵੇਰ, ਪਰਮੇਸ਼ਵਰ ਨੇ ਇੱਕ ਕੀੜ੍ਹੇ ਨੂੰ ਘੱਲਿਆ, ਜਿਸਨੇ ਪੌਦਾ ਮਾਰ ਦਿੱਤਾ। ਤਦ, ਪਰਮੇਸ਼ਵਰ ਨੇ ਧੁੱਪ ਦਿੱਤੀ, ਅਤੇ ਤੇਜ ਗਰਮ ਹਵਾ ਦੇ ਕਾਰਨ ਯੂਨਾਹ ਨੇ ਇਹ ਸੋਚਿਆ ਉਹ ਮਰ ਜਾਵੇਗਾ। ਇਸ ਸਭ ਨੇ ਵੀ ਯੂਨਾਹ ਨੂੰ ਬਹੁਤ ਗੁੱਸਾ ਦੁਵਾਇਆ।



ਤਦ ਪਰਮੇਸ਼ਵਰ ਨੇ ਯੂਨਾਹ ਨੂੰ ਕਿਹਾ, “ਕੀ ਤੈਨੂੰ ਗੁੱਸਾ ਕਰਨ ਦਾ ਕੋਈ ਅਧਿਕਾਰ ਹੈ? ਤੈਨੂੰ ਉਸ ਵੇਲ ਤੇ ਦਯਾ ਆਈ, ਜਿਸ ਦੇ ਲਈ ਤੂੰ ਕੋਈ ਕੰਮ ਨਹੀ ਕੀਤਾ ਅਤੇ ਜਿਸ ਨੂੰ ਤੂੰ ਉਗਾਇਆ ਨਹੀਂ। ਉਹ ਇੱਕ ਰਾਤ ਵੇਲੇ ਉੱਪਰ ਆਈ ਅਤੇ ਇੱਕ ਰਾਤ ਵਿੱਚ ਖਤਮ ਹੋ ਗਈ।



ਮੈਂ ਨੀਨਵੇਹ ਉੱਤੇ ਦਿਆਲੂ ਕਿਉਂ ਨਾਂ ਹੋਵਾਂ, ਉਹ ਮਹਾਨ ਸ਼ਹਿਰ, ਅਤੇ ਉਸਦੇ ਹਜ਼ਾਰਾ ਲੋਕਾ ਉੱਤੇ?”



# ਯੂਨਾਹ ਅਤੇ ਵੱਡੀ ਮੱਛੀ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਯੂਨਾਹ ਦੀ ਕਿਤਾਬ

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

ਸਮਾਪਤ

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੌਤ ਹੈ, ਪਰ ਪਰਮੇਸ਼ਵਰ ਤੁਹਾਨੂੰ ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੌਤੇ ਪੁੱਤਰ ਯਿਸੂ ਨੂੰ ਭੇਜ਼ਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡੇ ਗੁਨਾਹਾਂ ਲਈ ਸ਼ਜਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ਼ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰੋਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੂੰਨਾ ਦੀ ਇੰਜ਼ੀਲ 3:16